੧ੳ ਸਤਿਗੁਰ ਪ੍ਰਸਾਦਿ ॥

MATA GUJRI LIBRARY
G.N.B. GURDWARA
106 EAST PARK ROAD
LEICESTER
TEL (0116) 276 0517

ਟ੍ਰੈਕਟ ਨੰ : 30

# ਗੁਰਬਾਣੀ ਸਾਡਾ ਗੁਰੂ ਹੈ ਕਿਵੇਂ ?

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ ।



| | | |
|---|---|---|
| ਅਕਤੂਬਰ-ਨਵੰਬਰ ੧੯੯੭ | ਸੰਮਤ ਖਾਲਸਾ ੨੯੯ | ਤੀਜੀ ਵਾਰ ੨੫,੦੦੦ |



ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਉ ਜੀ ।

# ਸੂਚਨਾ

ਗੁਰਮਤਿ ਪ੍ਰਚਾਰ ਸਭਾ ਵਲੋਂ ਸ਼ੁੱਧ ਗੁਰਬਾਣੀ ਪੜ੍ਹਨ ਦੇ ਪ੍ਰਚਾਰ ਲਈ :-

1. ਜਪੁਜੀ, ਰਹਿਰਾਸਿ, ਸੋਹਿਲਾ ਅਤੇ ਅਰਦਾਸ ਵਾਲਾ ਗੁਟਕਾ ਮੋਟੇ ਅਖਰਾਂ ਵਿੱਚ ਵਧੀਆ ਕਾਗਜ਼ ਉਤੇ ਸੁੰਦਰ ਛਪਾਈ ਅਤੇ ਸ਼ੁੱਧ ਉਚਾਰਨ ਸੰਕੇਤਾਂ ਸਹਿਤ ਅਠਵੀਂ ਵਾਰ ਗੁਰੂ ਕਿਰਪਾ ਨਾਲ ਛਪਿਆ ਹੈ। ਭੇਟਾ ਡਾਕ ਖਰਚ ਸਮੇਤ = 4/- ਰੁ:
2. ਇਕੱਲਾ ਜਪੁਜੀ ਸਾਹਿਬ ਸੁੰਦਰ ਛਪਾਈ ਵਾਲਾ = 2/- ਰੁ:
3. ਬੇਨਤੀ ਚੌਪਈ ਅਤੇ ਚੌਪਈ ਪਾ: ੧੦ ਨੂੰ ਅਰਥਾਂ ਸਹਿਤ ਦੂਜੀ ਵਾਰ ਵਧੀਆ ਕਾਗਜ਼ ਤੇ ਛਾਪਿਆ ਗਿਆ ਹੈ। = 2/- ਰੁ:
4. ਬਾਣੀ ਸ਼ੁੱਧ ਪੜਨ ਬਾਰੇ ਟ੍ਰੈਕਟ ਨੰ: 27 = 50/- ਰੁ: ਸੈਂਕੜਾ
5. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਰਿਆਇਤੀ ਮੁੱਲ = 10/- ਰੁ:
6. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
7. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ = 5/- ਰੁ:
8. ਰੂਹਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ A world beyond ਦੇ ਕੁਝ ਭਾਗ ਦਾ ਪੰਜਾਬੀ ਉਲੱਥਾ 'ਅਬਿਨਾਸ਼ੀ ਲੀਲ੍ਹਾ'' ਦੀ ਦੂਜੀ ਐਡੀਸ਼ਨ = 7/- ਰੁ:

**ਨੋਟ :** ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ੍ : ਦੀਦਾਰ ਸਿੰਘ, C-129/-, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ। ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ : 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ।

ਪ੍ਰਾਰਥਕ

# ਗੁਰਬਾਣੀ ਸਾਡਾ ਗੁਰੂ ਹੈ ਕਿਵੇਂ ?

ਜੁਗੋ-ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰ-ਗੱਦੀ-ਨਸ਼ੀਨੀ ਪੁਰਬ ਹਰ ਸਾਲ ਅਕਤੂਬਰ ਜਾਂ ਨਵੰਬਰ ਵਿਚ ਆਉਂਦਾ ਹੈ ਜਿਸ ਨੂੰ ਵੱਖ-ਵੱਖ ਥਾਵਾਂ ਤੇ ਸੰਗਤਾਂ ਸ਼ਰਧਾ ਪਿਆਰ ਨਾਲ ਮਨਾਉਂਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਜਿਥੇ ਦਸਾਂ ਪਾਤਸ਼ਾਹੀਆਂ ਦੀ ਜੋਤ ਕਹਿੰਦੇ ਅਤੇ ਮੰਨਦੇ ਹਾਂ ਉਥੇ ਇਸ ਵਿਚਲੀ ਬਾਣੀ ਨੂੰ ਧੁਰੋਂ ਅਕਾਲ-ਪੁਰਖ ਤੋਂ ਆਈ ਬਾਣੀ ਹੋਣ ਕਾਰਨ ਇਹ ਸਾਡੀਆਂ ਸਭ ਤਰਾਂ ਦੀਆਂ ਚਿੰਤਾਂ-ਫਿਕਰਾਂ ਨੂੰ ਖਤਮ ਕਰ ਦੇਣ ਦੇ ਸਮੱਰਥ ਹੈ। ਜਿਵੇਂ :-

*ਧੁਰ ਕੀ ਬਾਣੀ ਆਈ*
*ਤਿਨਿ ਸਗਲੀ ਚਿੰਤ ਮਿਟਾਈ ॥ (੬੨੮)*

ਗੁਰਬਾਣੀ ਧੁਰੋਂ ਨਿਰੰਕਾਰ ਤੋਂ ਆਈ ਹੋਣ ਕਾਰਨ ਨਿਰੰਕਾਰ ਦਾ ਰੂਪ ਹੀ ਹੈ ਅਤੇ ਇਸਦੇ ਬਰਾਬਰ ਹੋਰ ਕੋਈ ਨਹੀਂ :-

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ ॥*

ਇਸ ਤਰ੍ਹਾਂ ਇਸ ਨਿਰੰਕਾਰ-ਰੂਪ ਬਾਣੀ ਨੂੰ ਜੋ ਵੀ ਸਿਖ-ਸੇਵਕ, ਇਸਨੂੰ ਮੰਨਦਾ ਹੈ (ਅਰਥਾਤ ਇਸ ਅਨੁਸਾਰ ਜੀਵਨ-ਜੀਉਂਦਾ ਹੈ) ਗੁਰੂ ਉਸ ਸਿਖ ਨੂੰ ਯਕੀਨੀ ਤੌਰ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ, ਜਿਵੇਂ ਗੁਰਵਾਕ ਹੈ :-

*ਬਾਣੀ ਗੁਰੂ, ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤ ਸਾਰੇ ॥*
*ਗੁਰੂ ਬਾਣੀ ਕਹੈ ਸੇਵਕ ਜਨ ਮਾਨੈ*
*ਪਰਤਖ ਗੁਰੂ ਨਿਸਤਾਰੇ ॥*

ਸੋ ਅਜ ਅਸੀਂ ਗੁਰਬਾਣੀ ਗੁਰੂ ਦੇ ਗੁਰ-ਗਦੀ ਨਸ਼ੀਨੀ ਪੁਰਬ ਉਤੇ ਵਿਅਕਤੀਗਤ ਤੌਰ ਤੇ ਆਪੋ ਆਪਣੀ ਥਾਂ ਵੀ ਅਤੇ ਸੰਗਤ ਵਿੱਚ ਮਿਲਕੇ ਵੀ ਵੀਚਾਰ ਕਰਨੀ-ਸੁਣਨੀ ਹੈ ਕਿ ਅਸੀਂ ਗੁਰਬਾਣੀ (ਗੁਰੂ ਪਾਤਸ਼ਾਹ ਦੇ ਕਹੇ ਹੋਏ ਬਚਨਾਂ) ਨੂੰ ਕਿਨ੍ਹਾਂ ਕੁ ਮੰਨਦੇ ਹਾਂ, ਕਿੰਨਾਂ ਕੁ ਉਸ ਅਨੁਸਾਰ ਚਲਦੇ ਹਾਂ ਜਾਂ ਚਲਣ ਦੀ ਕੋਸ਼ਿਸ਼ ਕਰਦੇ ਹਾਂ।

ਸਾਡੇ ਵਿਚੋਂ ਜਿਹੜੇ ਵੀਰ-ਭੈਣਾਂ ਬਾਣੀ ਪੜਦੇ-ਸੁਣਦੇ ਹਨ, ਉਨ੍ਹਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੬੯ ਉਤੇ ਲਿਖੀਆਂ ਹੇਠਲੀਆਂ ਪੰਗਤੀਆਂ ਉਚੇਚਾ ਧਿਆਨ ਮੰਗਦੀਆਂ ਹਨ :-

*ਸੇਵਕ ਸਿਖ ਪੂਜਣ ਸਭਿ ਆਵਹਿ,*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ ॥*

ਪ੍ਰੋ: ਸਾਹਿਬ ਸਿੰਘ ਜੀ ਇਸਦੇ ਅਰਥ ਕਰਦਿਆਂ ਲਿਖਦੇ ਹਨ :-

ਹੇ ਭਾਈ। ਸੇਵਕ (ਅਖਵਾਉਣ ਵਾਲੇ) ਸਿਖ (ਅਖਵਾਉਣ ਵਾਲੇ) ਸਾਰੇ (ਗੁਰੂ ਦਰ ਤੇ ਪ੍ਰਭੂ ਦੀ) ਪੂਜਾ-ਭਗਤੀ ਕਰਨ ਆਉਂਦੇ ਹਨ, ਅਤੇ ਪ੍ਰਮਾਤਮਾ ਦੀ ਸਿਫਤ-ਸਾਲਾਹ ਨਾਲ ਭਰਪੂਰ ਸ੍ਰੇਸ਼ਟ ਗੁਰਬਾਣੀ ਗਾਂਦੇ ਹਨ। ਪਰ ਪ੍ਰਮਾਤਮਾ ਉਨ੍ਹਾਂ ਮਨੁੱਖਾਂ ਦਾ ਬਾਣੀ

ਗਾਉਣਾ ਅਤੇ ਸੁਣਨਾ ਕਬੂਲ (ਪ੍ਰਵਾਨ) ਕਰਦਾ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਕੇ ਉਸ ਉਤੇ ਅਮਲ ਕੀਤਾ ਹੈ।

*ਗੁਰ ਕੀ ਟਹਲ, ਗੁਰੂ ਕੀ ਸੇਵਾ*

*ਗੁਰ ਕੀ ਆਗਿਆ ਭਾਣੀ ॥*

ਦਾ ਅਰਥ ਵੀ ਇਹੋ ਹੈ ਕਿ ਅਸਲ ਵਿੱਚ ਗੁਰੂ ਦੀ ਸੇਵਾ, ਗੁਰੂ ਦੀ ਆਗਿਆ ਮੰਨਣ ਵਿੱਚ ਹੀ ਹੈ। ਇਸੇ ਕਰਕੇ ਗੁਰੂ ਪਾਤਸ਼ਾਹ ਉਨ੍ਹਾਂ ਤੋਂ ਸਦਕੇ ਜਾਂਦੇ ਹਨ, ਕੁਰਬਾਨ ਜਾਂਦੇ ਹਨ ਜਿਨ੍ਹਾਂ ਨੇ ਗੁਰੂ ਨੂੰ ਸੁਣ ਕੇ ਮੰਨਿਆਂ ਹੈ। ਜਿਵੇਂ :-

*ਨਾਨਕ, ਜਿਨੀ ਸੁਣਿ ਕੈ ਮੰਨਿਆ*

*ਹਉ ਤਿਨ੍ਹਾਂ ਵਿਟਹੁ ਕੁਰਬਾਨ ॥ (੭੯੦)*

ਸੋ ਆਓ ! ਅਜ ਗੁਰਪੁਰਬ ਵਾਲੇ ਦਿਨ ਵੀਚਾਰੀਏ ਕਿ ਗੁਰਬਾਣੀ ਨੂੰ ਪੜ੍ਹ ਸੁਣਕੇ ਅਸੀਂ ਕਿਤਨਾ ਕੁ ਮੰਨਦੇ ਹਾਂ ਜਾਂ ਕਿੰਨਾਂ ਕੁ ਅਮਲ ਕਰਦੇ ਹਾਂ ?

1. ਗੁਰਬਾਣੀ ਕਹਿੰਦੀ ਹੈ :-

*ਸਤਿਗੁਰ ਬਾਝਹੁ ਅੰਧੁ ਗੁਬਾਰੁ*

*ਥਿਤੀ ਵਾਰ ਸੇਵਹਿ ਮੁਗਧ ਗਵਾਰ ॥ (੮੪੨)*

**ਭਾਵ :-** ਗੁਰੂ ਦੀ ਸ਼ਰਨ ਆਉਣ ਤੋਂ ਬਗੈਰ ਮਨੁੱਖ (ਆਤਮਕ ਜੀਵਨ ਵਲੋਂ) ਪੂਰਨ ਤੌਰ ਤੇ ਅੰਨ੍ਹਾਂ ਹੋਇਆ ਰਹਿੰਦਾ ਹੈ। (ਗੁਰੂ ਦਾ ਆਸਰਾ ਪਰਨਾ ਛਡ ਕੇ) ਮੂਰਖ ਮਨੁੱਖ ਹੀ ਥਿਤਾਂ ਤੇ ਵਾਰ ਮਨਾਂਦੇ ਫਿਰਦੇ ਹਨ।

ਗੁਰਬਾਣੀ ਅਨੁਸਾਰ ਲੋਕਾਂ ਨੂੰ ਥਿਤਾਂ ਵਾਰਾਂ ਦੇ ਭਰਮਾਂ ਅਤੇ

ਚੰਗੇ ਮੰਦੇ ਦਿਨ ਦਿਹਾੜਿਆਂ ਦੇ ਵਹਿਮਾਂ ਤੋਂ ਕੱਢਦਿਆਂ ਸਾਡਾ ਆਪਣਾ ਹੀ ਬੇੜਾ ਇਨ੍ਹਾਂ ਪਾਖੰਡਾਂ ਵਿੱਚ ਆ ਫਸਿਆ ਹੈ।

ਸੰਗਰਾਂਦ, ਪੁੰਨਿਆਂ ਅਤੇ ਮਸਿਆ ਨੇ ਜਿਤਨਾ ਸਾਨੂੰ ਫਾਹਿਆ ਹੈ ਉਤਨਾਂ ਤਾਂ ਸ਼ਾਇਦ ਉਹ ਵੀ ਨਾਂਹ ਫਾਹੇ ਗਏ ਹੋਣਗੇ, ਜਿਨ੍ਹਾਂ ਉਤੇ ਤਰਸ ਖਾ ਕੇ ਗੁਰੂ ਮਹਾਰਾਜ ਨੇ ਇਹ ਉਪਰਾਲੇ ਅਤੇ ਹੋਰ ਕਈ ਵਾਕ ਉਚਾਰਨ ਕੀਤੇ ਸਨ।

ਗੁਰੂ ਮਹਾਰਾਜ ਨੇ ਕੋਈ ਦਿਨ ਵਡਾ, ਕੋਈ ਛੋਟਾ, ਕੋਈ ਭਾਰਾ, ਕੋਈ ਹਲਕਾ, ਕੋਈ ਸ਼ੁਭ ਕੋਈ ਅਸ਼ੁਭ ਦਿਨ ਮੰਨਣ ਵਾਲੇ ਅਧਰਮੀਆਂ ਨੂੰ ਮੁਗਧ ਅਤੇ ਗੰਵਾਰ ਕਿਹਾ ਹੈ। ਪਰ ਅਜ ਅਸੀਂ ਪੂਰੀ ਅਗਿਆਨਤਾ ਦਾ ਸਬੂਤ ਦੇਂਦੇ ਹੋਏ ਕੇਵਲ ਸੰਗਰਾਂਦ, ਪੂਰਨਮਾਸ਼ੀ ਅਤੇ ਮਸਿਆ ਦੇ ਢਹੇ ਹੀ ਨਹੀਂ ਚੜ੍ਹੇ ਹੋਏ ਸਗੋਂ ਸਾਡੇ ਵਿਚੋਂ ਬਹੁਤੇ ਐਸੇ ਵੀ ਹਨ ਜੋ ਕੇਸਾਂ ਵਿੱਚ ਕਿਹੜੇ ਦਿਨ ਦਹੀਂ ਅਤੇ ਪਾਣੀ ਪਾਉਣਾ ਹੈ, ਕਿਹੜੇ ਦਿਨ ਨਹੀਂ ਪਾਉਣਾ। ਕਿਹੜੇ ਦਿਨ ਮਕਾਨ ਦੀ ਉਸਾਰੀ ਸ਼ੁਰੂ ਕਰਨੀ ਹੈ, ਕਿਸ ਦਿਨ ਦੁਕਾਨ ਦੀ ਮਹੂਰਤ (ਰਸਮ) ਕਰਨੀ ਹੈ ਜਾਂ ਹੋਰ ਕੰਮ ਕਰਨਾ ਹੈ, ਆਦਿ ਅਨੇਕ ਚਕਰਾਂ ਵਿੱਚ ਪੈ ਚੁਕੇ ਹਨ। ਇਥੋਂ ਤਕ (ਖਾਸ ਕਰਕੇ ਕਈ ਪੇਂਡੂ ਵੀਰ ਭੈਣਾਂ ਨੇ) ਨਵਾਂ ਬਰਤਨ ਜਾਂ ਕਪੜਾ ਖਰੀਦਣ ਲਈ, ਮੱਝ ਜਾਂ ਗਾਂ ਖਰੀਦਣ ਲਈ ਵੀ ਦਿਨ ਦਿਹਾੜਿਆਂ ਦਾ ਟੈਂਟਾ ਖੜਾ ਕਰ ਰਖਿਆ ਹੈ। ਗੁਰਬਾਣੀ ਤਾਂ ਦਿਨ ਦਿਹਾੜਿਆ, ਥਿਤਾਂ ਵਾਰਾਂ ਦੇ ਚਕਰਾਂ ਵਿੱਚ ਪਇਆ ਹੋਇਆ ਨੂੰ ਜਿਥੇ ਮੂਰਖ, ਨਾ ਸਮਝ ਤੇ ਗੰਵਾਰ ਕਹਿੰਦੀ ਹੈ, ਉਥੇ ਫਰਮਾਉਂਦੀ ਹੈ :-

*ਮਾਹ ਦਿਵਸ ਮੂਰਤ ਭਲੇ*
*ਜਿਸ ਕਉ ਨਦਰਿ ਕਰੇ ॥ (੧੩੬)*

ਜਿਨ੍ਹਾਂ ਉਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ (ਆਪਣੇ ਨਾਮ ਦੀ ਦਾਤ ਦੇਂਦਾ ਹੈ) ਉਹਨਾਂ ਵਾਸਤੇ ਸਾਰੇ ਮਹੀਨੇ, ਸਾਰੇ ਦਿਹਾੜੇ, ਸਾਰੇ ਹੀ ਮਹੂਰਤ ਸੁਲਖਣੇ ਹਨ । (ਸੰਗਰਾਂਦ ਆਦਿਕ ਦੀ ਪਵਿਤਰਤਾ ਦੇ ਭਰਮ-ਭੁਲੇਖੇ ਉਨ੍ਹਾਂ ਨੂੰ ਨਹੀਂ ਪੈਂਦੇ)।

ਇਸ ਤਰ੍ਹਾਂ :- ਅਸੀਂ ਜਦ ਗੁਰਬਾਣੀ ਨੂੰ ਸਮਝਣ ਵੀਚਾਰਨ ਅਤੇ ਉਸ ਅਨੁਸਾਰ ਚਲਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਜਾਂ ਇਸ ਬਾਰੇ ਸੋਚਦੇ ਹੀ ਨਹੀਂ ਤਾਂ ਦਸੋ ਗੁਰਬਾਣੀ ਸਾਡਾ ਗੁਰੂ ਕਿਸ ਤਰ੍ਹਾਂ ਹੋਇਆ ?

2. ਗੁਰਬਾਣੀ ਕਹਿੰਦੀ ਹੈ :-

*(ੳ) ਜਾਣਹੁ ਜੋਤਿ ਨ ਪੂਛਹੁ ਜਾਤੀ,*
*ਆਗੈ ਜਾਤਿ ਨ ਹੇ ॥*

*(ਅ) ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ (੧੧੨੮)*

*(ੲ) ਫਕੜ ਜਾਤੀ ਫਕੜ ਨਾਉ ।*
*ਸਭਨਾਂ ਜੀਆ ਇਕਾ ਛਾਉਂ ॥ (੮੪)*

*(ਸ) ਜਿਥੈ ਲੇਖਾ ਮੰਗੀਐ ॥*
*ਤਿਥੈ ਦੇਹਿ ਜਾਤਿ ਨ ਜਾਇ ॥ (੧੩੪੦)*

ਇਤਨੇ ਸਪਸ਼ਟ ਗੁਰੂ ਫੁਰਮਾਨਾਂ ਦੇ ਹੁੰਦਿਆਂ ਜੇ ਬੇਦੀ, ਸੋਢੀ, ਕੋਹਲੀ, ਰੇਖੀ, ਸਾਹਣੀ, ਚੀਮਾ, ਗਿਲ, ਸੰਧੂ, ਬਨਵੈਤ, ਸੈਣੀ ਆਦਿ ਜਾਤਾਂ-ਗੋਤਾਂ ਸਾਡੇ ਮਗਰੋਂ ਨ ਲਥੀਆਂ ਤਾਂ ਦਸੋ ਅਸੀਂ ਕਿਸ ਤਰ੍ਹਾਂ ਦੇ ਸਿਖ ਹੋਏ ਅਤੇ ਬਾਣੀ ਸਾਡਾ ਗੁਰੂ ਕਿਵੇਂ ਹੋਈ ?

ਸਾਡੇ ਵਿਚੋਂ ਕਈਆਂ ਨੇ ਅੰਮ੍ਰਿਤ ਵੀ ਛੱਕ ਲਿਆ। (ਕੌਮ ਦੇ ਬਹੁਤ ਥੁਹੜੇ ਹਿਸੇ ਨੇ) ਅੰਮ੍ਰਿਤ ਛਕਣ ਤੋਂ ਪਹਿਲਾਂ ਦੀ ਜਾਤ ਖਤਮ,

ਪਿਛਲਾ ਕਰਮ ਨਾਸ,' ਕੁਲ ਨਾਸ਼ ਦਾ ਐਲਾਨ ਹੋ ਗਿਆ, ਸਾਲਾਂ ਬਧੀ ਅੰਮ੍ਰਿਤ ਰੂਪੀ ਬਾਣੀ ਦਾ ਪਾਠ ਕੀਤਾ, ਕੀਰਤਨ ਕੀਤਾ ਸੁਣਿਆ ; ਕਈ ਵਾਰ ਕੌਮ ਦੇ ਜਾਂ ਆਪਣੇ ਇਲਾਕੇ ਦੇ ਆਗੂ ਅਖਵਾਏ ਪਰ ਅਫਸੋਸ ਗੁਰਬਾਣੀ ਦੀ ਪੰਗਤੀ :-

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥*

*(ਕਿਉਂਕਿ) ਇਸ ਗਰਭ ਤੇ ਚਲਹਿ ਬਹੁਤ ਵਿਕਾਰਾ ॥ (੧੨੮)*

ਦੀ ਸਮਝ ਸਾਨੂੰ ਨਾਹ ਪੈ ਸਕੀ ਜਾਂ ਅਸੀਂ ਸਮਝ ਪੈਣ ਹੀ ਨਾਂਹ ਦਿਤੀ ਅਤੇ ਇਹ ਜਾਤ ਗੋਤ ਦੀ ਪੂਛ ਸਾਡੇ ਨਾਲੋਂ ਨ ਲਹਿ ਸਕੀ ।

ਕਈ ਥਾਵਾਂ ਤੇ ਤਾਂ ਸਤਿਗੁਰ ਦਾ ਬਖਸ਼ਿਆ 'ਸਿੰਘ ਸ਼ਬਦ ਅਸੀਂ ਆਪਣੇ ਨਾਂ ਨਾਲੋਂ ਹਟਾ ਹੀ ਦਿਤਾ ਜਾਂ ਸੰਖੇਪ ਰੂਪ 'ਚ ਐਸ (S) ਬਣ ਗਿਆ ਅਤੇ ਅੰਗਰੇਜ਼ੀ ਜਾਂ ਹੋਰ ਅਨਮਤੀ ਢੰਗ ਦੇ ਆਧਾਰ ਤੇ ਜਾਤ-ਗੋਤ ਨੂੰ ਖੂਬ ਚਮਕਾ ਕੇ ਪ੍ਰਗਟ ਕੀਤਾ ।

ਖੰਡੇ ਦਾ ਅੰਮ੍ਰਿਤ ਛਕਣ ਅਤੇ ਗੁਰਬਾਣੀ ਦੇ ਲੜ ਲਗਣ ਉਪ੍ਰੰਤ ਵੀ ਜੇ ਅਸੀਂ ਸਿੰਘ ਦੀ ਥਾਂ ਰਾਮ ਦਾਸੀਏ, ਰਾਮ ਗੜੀਏ, ਜੱਟ, ਖਤਰੀ, ਅਰੋੜੇ, ਸੈਨੀ ਅਤੇ ਭਾਪੇ ਹੀ ਹਾਂ ਤਾਂ ਦਸੋ ਕਾਹਦਾ ਅੰਮ੍ਰਿਤ ਛਕਿਆ ? ਅਤੇ ਕਾਹਦੀ ਬਾਣੀ ਪੜ੍ਹੀ ?

ਜੇ ਇਹ ਗੱਲਾਂ ਸੱਚ ਹਨ ਤਾਂ ਦਸੋ ਸਾਡਾ ਕੀ ਹੱਕ ਹੈ ਜੋ ਅਸੀਂ ਗੁਰਬਾਣੀ ਨੂੰ ਗੁਰੂ ਕਹੀਏ ?

3. ਗੁਰਬਾਣੀ ਕਹਿੰਦੀ ਹੈ :-

(ੳ) *ਕਬੀਰ ਹਰਿ ਕਾ ਸਿਮਰਨ ਛਾਡਿ ਕੈ ॥*

*ਅਹੋਈ ਰਾਖੈ ਨਾਰਿ ॥*

ਗਦਹੀ ਹੋਇ ਕੈ ਅਉਤਰੈ ॥

ਭਾਰੁ ਸਹੈ ਮਨ ਚਾਰਿ । (੧੩੭੦)

ਪ੍ਰਿੰ : ਸਾਹਿਬ ਸਿੰਘ ਇਸ ਦੇ ਅਰਥ ਕਰਦਿਆਂ ਲਿਖਦੇ ਹਨ ਕਿ ਅਨਪੜ੍ਹਤਾ ਅਤੇ ਇਕ ਪ੍ਰਮਾਤਮਾ ਨੂੰ ਛੱਡ ਕੇ ਹੋਰ ਦੇਵੀ ਦੇਵਤਿਆਂ, ਮੜ੍ਹੀ ਮਸਾਣਾਂ ਦੀ ਪੂਜਾ ਅਤੇ ਕਈ ਕਿਸਮ ਦੇ ਵਰਤਾਂ ਨੇ ਭਾਰਤ ਦੀ ਇਸਤ੍ਰੀ ਜਾਤੀ ਨੂੰ ਨਕਾਰਾ ਬਣਾ ਦਿਤਾ ਹੋਇਆ ਹੈ। ਚੇਤਰ ਵਿਚ ਅਤੇ ਕੱਤਕ ਵਿਚ ਇਹਨਾਂ ਵਰਤਾਂ ਦੀ ਭਰਮਾਰ ਹੁੰਦੀ ਹੈ - ਕਰਵਾ ਚੌਥ, ਮਹਾਂ ਲਖਮੀ, ਨੌਰਾਤਰੇ ਆਦਿਕ ਕਈ ਵਰਤ ਹਨ ਜਿਨ੍ਹਾਂ ਦੇ ਰਾਹੀਂ ਹਿੰਦੂ ਔਰਤ ਕਈ ਤਰਾਂ ਦੀਆਂ ਸੁਖਣਾ ਸੁਖਦੀ ਰਹਿੰਦੀ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਸਿਖ ਇਸਤ੍ਰੀ ਨੂੰ ਇਸ ਜਹਾਲਤ (ਅਗਿਆਨਤਾ) ਭਰੀ ਗੁਲਾਮੀ ਵਿਚੋਂ ਕਢਣ ਦੀ ਕੋਸ਼ਿਸ਼ ਕੀਤੀ ਸੀ ਪਰ ਜਦ ਤਕ ਦੇਸ਼ ਵਿੱਚ ਅਨਪੜ੍ਹਤਾ ਹੈ, ਔਰਤਾਂ ਤਾਂ ਇਕ ਪਾਸੇ ਰਹੀਆਂ, ਮਨੁਖ ਵੀ ਭੁਲੇ ਹੋਏ ਫਿਰਦੇ ਹਨ। ਸਿਖ-ਮਰਦ ਗੁਰਪੁਰਬ ਭੁਲਾ ਕੇ ਮਸਿਆ, ਸੰਗਰਾਂਦਾ ਮਨਾਂਦੇ ਫਿਰਦੇ ਹਨ, ਜ਼ਨਾਨੀਆਂ ਕਰਵਾ ਚੌਥ ਦੇ ਵਰਤ ਰਖ ਕੇ ਖਸਮਾਂ ਦੇ ਸ਼ਗਨ ਮਨਾ ਰਹੀਆਂ ਹਨ।

ਅਹੋਈ ਕਤਕ ਦੇ ਮਹੀਨੇ ਸੀਤਲਾ ਦੇਵੀ ਦੀ ਪੂਜਾ ਦਾ ਵਰਤ ਹੁੰਦਾ ਹੈ। ਦੇਵੀ ਦੇਵਤਿਆਂ ਦੀ ਖਾਸ ਖਾਸ ਸਵਾਰੀ ਮੰਨੀ ਗਈ ਹੋਈ ਹੈ; ਜਿਵੇਂ ਬ੍ਰਹਮਾ ਦੀ ਸਵਾਰੀ ਹੰਸ, ਸ਼ਿਵ ਦੀ ਸਵਾਰੀ ਚਿੱਟਾ ਬਲਦ, ਦੁਰਗਾ ਦੀ ਸਵਾਰੀ ਸ਼ੇਰ, ਗਣੇਸ਼ ਦੀ ਸਵਾਰੀ ਚੂਹਾ।

ਇਸਤਰ੍ਹਾਂ ਸੀਤਲਾ ਦੀ ਸਵਾਰੀ ਖੋਤਾ ਹੈ।

ਅਰਥ- ਹੇ ਕਬੀਰ ! (ਰਾਮੁ-ਨਾਮੁ ਛੱਡਣ ਦਾ ਇਹ ਨਤੀਜਾ ਹੈ ਕਿ (ਮੂਰਖ) ਇਸਤ੍ਰੀ ਸੀਤਲਾ ਦਾ ਵਰਤ ਰਖਦੀ ਹੈ (ਤੇ, ਜੇ ਭਲਾ ਸੀਤਲਾ ਉਸ ਨਾਲ ਬੜਾ ਹੀ ਪਿਆਰ ਕਰੇਗੀ ਤਾਂ ਉਸ ਨੂੰ ਹਰ ਵੇਲੇ ਆਪਣੇ ਪਾਸ ਰਖਣ ਲਈ ਆਪਣੀ ਸਵਾਰੀ ਖੋਤੀ ਬਣਾ ਲਏਗੀ ) ਸੋ, ਉਹ ਮੂਰਖ ਇਸਤ੍ਰੀ ਖੋਤੀ ਦੀ ਜੂਨੇ ਪੈਂਦੀ ਹੈ ਤੇ (ਹੋਰ ਖੋਤੀਆਂ ਵਾਂਗ ਛੱਟਾਂ ਆਦਿਕ ਦਾ) ਚਾਰ ਮਣ ਭਾਰ ਢੋਂਦੀ ਹੈ ।

(ਅ) *ਬਰਤ ਨੇਮ ਸੰਜਮ ਮਹਿ ਰਹਤਾ ॥*
*ਤਿਨ ਕਾ ਆਢੁ ਨ ਪਾਇਆ ॥*
*ਆਗੈ ਚਲਣੁ ਅਉਰੁ ਹੈ ਭਾਈ ॥*
*ਊਂਹਾ ਕਾਮਿ ਨ ਆਇਆ ॥ (੨੧੬)*

ਅਰਥ-ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਵਰਤਾਂ-ਸੰਜਮ ਦੇ ਨੇਮ ਵਿੱਚ ਰੁਝਾ ਰਹਿੰਦਾ ਹੈ ਪਰ ਉਹਨਾਂ ਉਦਮਾਂ ਦਾ ਮੁਲ ਉਸ ਨੂੰ ਇਕ ਕੌਡੀ ਭੀ ਨਹੀਂ ਮਿਲਦਾ। ਹੇ ਭਾਈ! ਜੀਵ ਦੇ ਨਾਲ ਪਰਲੋਕ ਵਿਚ ਸਾਥ ਨਿਬਾਹੁਣ ਵਾਲਾ ਪਦਾਰਥ ਹੋਰ ਹੈ (ਵਰਤ ਨੇਮ ਸੰਜਮ ਆਦਿਕ ਵਿਚੋਂ ਕੋਈ ਵੀ) ਪਰਲੋਕ ਵਿੱਚ ਕੰਮ ਨਹੀਂ ਆਉਂਦਾ ।

(ੲ) *ਜਾਗਤ ਜੋਤਿ ਜਪੈ ਨਿਸ ਬਾਸਰ ।*
*ਏਕ ਬਿਨਾ ਮਨ ਨੈਕ ਨ ਆਨੈ ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ, ਗੋਰ, ਮੜੀ, ਮਟ, ਭੂਲ ਨ ਮਾਨੈ ॥*
*ਤੀਰਥ ਦਾਨ ਦਇਆ ਤਪ ਸੰਜਮ*
*ਏਕ ਬਿਨਾਂ ਨਾਂਹਿ ਏਕ ਪਛਾਨੈ ॥*

*ਪੂਰਨ ਜੋਤ ਜਗੈ ਘਟ ਮੈਂ*
*ਤਬ ਖਾਲਸ ਤਾਹਿ ਨਖਾਲਸ ਜਾਨੈ ॥*

ਕੀ ਅਸੀਂ ਅੱਜ ਜਾਗਤ-ਜੋਤ ਪ੍ਰਭੂ ਦੇ ਪੁਜਾਰੀ ਹਾਂ ਜਾਂ ਕਿਸੇ ਹੋਰ ਕਿਰਤਮ (ਕੀਤੇ ਹੋਏ) ਦੀ ਪੂਜਾ ਵਿੱਚ ਉਲਝੇ ਹੋਏ ਹਾਂ ?

ਵਾਹਿਗੁਰੂ ਅਕਾਲ ਪੁਰਖ ਦੀ ਪ੍ਰਾਪਤੀ ਲਈ ਸਚੇ ਪਿਆਰ ਦੀ ਥਾਂ ਅਸੀਂ ਵੀ ਹੋਰਨਾਂ ਦੀ ਤਰਾਂ ਫੋਕੇ ਨੇਮਾਂ ਅਤੇ ਵਰਤਾਂ (ਕਰਵਾ ਚੌਥ ਆਦਿ) ਦੇ ਚਕਰਾਂ ਵਿੱਚ ਜਾਂ ਤੀਰਥ-ਇਸ਼ਨਾਨ ਆਦਿ ਦੇ ਆਹਰਾਂ ਵਿੱਚ ਜਾਂ ਮੜੀਆਂ ਜਾਂ ਕਬਰਾਂ ਦੀ ਪੂਜਾ ਵਿੱਚ ਤਾਂ ਨਹੀਂ ਪਏ ਹੋਏ ?

ਜੇ ਅਜਿਹੇ ਅਨਮਤੀ ਅਸੂਲਾਂ ਵਾਲਾ ਹੀ ਸਾਡਾ ਜੀਵਨ ਹੈ ਤਾਂ ਦਸੋ ! ਗੁਰਬਾਣੀ ਸਾਡਾ ਗੁਰੂ ਕਿਵੇਂ ਹੋਇਆ ?

4. ਗੁਰਬਾਣੀ ਕਹਿੰਦੀ ਹੈ :-

(ੳ) *ਤੀਰਥ ਨਾਇ ਨੇ ਉਤਰਸਿ ਮੈਲੁ ॥*
*ਕਰਮ ਧਰਮ ਸਭਿ ਹਉਮੈ ਫੈਲ ॥ (੮੯੦)*

ਭਾਵ ਤੀਰਥ ਨਹਾਉਣ ਨਾਲ ਹਉਮੈ ਦੀ ਮੈਲ ਨਹੀਂ ਉਤਰਦੀ। ਇਹੋ ਜਿਹੇ ਧਰਮ ਦੇ ਕੰਮ ਸਗੋਂ ਹਉਮੈ ਵਧਾਉਂਦੇ ਹਨ ।

(ਅ) *ਤੀਰਥਿ ਭਰਮਸਿ ਬਿਆਧਿ ਨਾ ਜਾਵੈ ॥*
*ਨਾਮ ਬਿਨਾ ਕੈਸੇ ਸੁਖੁ ਪਾਵੈ ॥ (੯੦੬)*

ਭਾਵ :- ਤੀਰਥਾਂ ਤੇ ਭਰਮਨ ਨਾਲ ਹਉਮੈ ਦਾ ਰੋਗ ਦੂਰ ਨਹੀਂ ਹੋ ਸਕਦਾ। ਨਾਮ ਤੋਂ ਬਿਨਾਂ ਕਿਵੇਂ ਸੁਖ ਹੋ ਸਕਦਾ ਹੈ ? ਭਾਵ ਨਹੀਂ ਹੋ ਸਕਦਾ ।

(ੲ) *ਮਨ ਕਾਮਨਾ ਤੀਰਥ ਜਾਇ ਬਸਿਓ*

*ਸਿਰ ਕਰਵਤ ਧਰਾਏ ॥*

*ਮਨ ਕੀ ਮੈਲ ਨ ਉਤਰੈ ਇਹ ਬਿਧਿ*

*ਜੇ ਲਖ ਜਤਨ ਕਰਾਏ ॥ (੬੪੨)*

**ਭਾਵ :-** ਜੇ ਕੋਈ ਆਪਣੀ ਮਨ ਇਛਾ ਵਾਲੇ ਤੀਰਥ ਉਤੇ ਜਾ ਵਸੇ, ਅਤੇ ਸਿਰ ਉਤੇ ਆਰਾ ਧਰਾ ਕੇ, ਸਰੀਰ ਦੇ ਦੋ ਫਾੜ ਕਰਾ ਲਵੇ, ਇਸ ਤਰ੍ਹਾਂ ਕਰਨ ਨਾਲ ਵੀ ਮਨ ਦੀ ਹਉਮੈ ਰੂਪੀ ਮੈਲ ਨਹੀਂ ਉਤਰਦੀ, ਭਾਵੇਂ ਇਹੋ ਜਿਹੇ ਹੋਰ ਲਖਾਂ ਯਤਨ ਕਰਦਾ ਫਿਰ। ਕਿਉਂਕਿ ਗੁਰਬਾਣੀ ਤਾਂ ਕਹਿੰਦੀ ਹੈ –

*(ੳ) ਨਾਨਕ, ਗੁਰ ਸਮਾਨਿ ਤੀਰਥੁ ਨਹੀਂ ਕੋਈ*

*ਸਾਚੇ ਗੁਰ ਗੋਪਾਲਾ*

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਗੁਰੂ ਬਰਾਬਰ ਹੋਰ ਕੋਈ ਤੀਰਥ ਨਹੀਂ। ਗੁਰੂ ਹੀ ਸਚਾ ਤੇ ਸ੍ਰਿਸ਼ਟੀ ਦਾ ਪਾਲਣਹਾਰ ਹੈ।

*(ਅ) ਤੀਰਥਿ ਨਾਵਣ ਜਾਉ ਤੀਰਥ ਨਾਮ ਹੈ ॥*

*ਤੀਰਥ ਸਬਦ ਬੀਚਾਰੁ ਅੰਤਰਿ ਗਿਆਨੁ ਹੈ (੬੮੭)*

ਗੁਰੂ ਸਾਹਿਬ ਕਹਿੰਦੇ ਹਨ ਤੀਰਥਾਂ ਉਤੇ ਨ੍ਹਾਵਣ ਕਿਉਂ ਜਾਵਾਂ ? ਤੀਰਥ ਕੇਵਲ (ਪ੍ਰਭੂ ਦਾ) ਨਾਮ ਹੀ ਹੈ, ਤੀਰਥ ਇਸ਼ਨਾਨ ਕੀ ਹੈ ?ਉਤਰ ਵਿੱਚ ਫਰਮਾਉਂਦੇ ਹਨ :-

ਤੀਰਥ ਇਸਨਾਨ ਗੁਰੂ ਦੇ ਸ਼ਬਦ ਦੀ ਵੀਚਾਰ (ਕਰਨਾ) ਹੈ, ਜਿਸ ਨਾਲ ਅੰਤਰ ਗਿਆਨ ਪ੍ਰਬੋਧ ਹੁੰਦਾ ਹੈ। ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ :-

*(ੲ) ਨਾਮ ਹਮਾਰੈ ਮਜਨ ਇਸਨਾਨੁ ॥*

*ਨਾਮ ਹਮਾਰੈ ਪੂਰਨ ਦਾਨੁ ॥ (੧੧੪੫)*

ਗੁਰੂ ਪਾਤਸ਼ਾਹ ਦੇ ਦਰਸਾਏ ਰਾਹ (ਗੁਰਬਾਣੀ) ਅਨੁਸਾਰ ਅਨਮਤੀ ਅਤੇ ਮਨਮਤੀ ਜਨਤਾ ਨੂੰ ਅਸੀਂ ਤੀਰਥ ਇਸ਼ਨਾਨਾਂ ਦੀ ਜਿਲ੍ਹਣ ਵਿਚੋਂ ਕੀ ਕਢਣਾ ਸੀ, ਅਸੀਂ ਆਪ ਹੀ ਗੁਰੂ ਕੇ ਸਿਖ ਅਖਵਾਉਣ ਵਾਲੇ ਤੀਰਥਾਂ ਦੇ ਇਸ਼ਨਾਨਾਂ ਵਿੱਚ ਅਣਤਾਰੂ ਜਿਹੇ ਹੋ ਕੇ ਡੁਬਕੀਆਂ ਮਾਰ ਕੇ ਆਪਣਾ ਕੀਮਤੀ ਮਨੁਖਾ ਜਨਮ ਅੰਵਾਈ ਗਵਾ ਰਹੇ ਹਾਂ।

ਅਨਧਰਮੀਆਂ ਦੀ ਰੀਸੇ ਜਾਂ ਦੇਖ ਦੇਖੀ ਸਾਡੇ ਵਿੱਚ ਵੀ ਕਈਆਂ ਨੇ ਕੁਝ ਮਿਥਾਂ ਮਿਥ ਲਈਆਂ ਹਨ। ਕਿਤੇ ਹੇਮ ਕੁੰਟ ਦੀ ਯਾਤਰਾ ਤੇ ਜਥਾ ਚੜਿਆ ਹੋਇਆ ਹੈ ਕਿਤੇ ਹਿੰਦੂ ਤੀਰਥਾਂ ਸਮੇਤ ਹਜ਼ੂਰ ਸਾਹਿਬ ਅਤੇ ਗੋਦਾਵਰੀ ਇਸ਼ਨਾਨਾਂ ਰਾਹੀ ਪ੍ਰੇਮੀ ਧੜਾ ਧੜ ਮੋਖ (ਮੁਕਤੀ) ਪ੍ਰਾਪਤ ਕਰਨ ਲਈ ਤੀਰਥ ਯਾਤਰਾ ਬਸਾਂ ਜਾਂ ਟ੍ਰੇਨਾਂ ਦੇ ਚਕਰ ਵਿੱਚ ਪਏ ਹੋਏ ਹਨ।

ਗੁਰਬਾਣੀ ਨੂੰ ਸਹੀ ਅਰਥਾਂ ਵਿੱਚ ਪੜ੍ਹਨ ਸੁਣਨ ਤੇ ਸਮਝ ਕੇ ਅਮਲ ਵਿੱਚ ਲਿਆਉਣ ਵਾਲੇ ਕਿਸੇ ਵਿਰਲੇ ਹੀ ਗੁਰਮੁਖ ਪਿਆਰੇ ਦਾ ਧਿਆਨ ਹੈ।

ਕਿਧਰੇ ਇਹ ਨਾ ਸਮਝਿਆ ਜਾਏ ਕਿ ਅਸੀਂ ਗੁਰ ਅਸਥਾਨਾਂ ਅਤੇ ਸਰੋਵਰਾਂ ਦੀ ਮਹਾਨਤਾ ਤੋਂ ਇਨਕਾਰੀ ਹਾਂ। ਗੁਰਧਾਮਾਂ ਦੇ ਦਰਸ਼ਨ ਕਰਨ ਨਾਲ ਮਨ ਵਿੱਚ ਉਤਸ਼ਾਹ ਤੇ ਪ੍ਰੇਰਨਾ ਉਪਜਦੀ ਹੈ। ਗੁਰੂ ਸਾਹਿਬ ਦਾ ਇਤਿਹਾਸ ਅਤੇ ਉਨ੍ਹਾਂ ਦੇ ਕਾਰਨਾਮੇ ਚੇਤੇ ਆਉਂਦੇ ਹਨ। ਗੁਰਮੁਖਾਂ ਦੇ ਦਰਸ਼ਨ ਦੀਦਾਰ ਹੁੰਦੇ ਹਨ। ਮਨ ਵਿੱਚ ਸਿਖੀ ਦ੍ਰਿੜ ਹੁੰਦੀ ਹੈ, ਇਸਤਰਾਂ ਗੁਰੂ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਦੇ ਬੜੇ ਲਾਭ ਹਨ। ਇਸੇ ਕਰਕੇ ਅਸੀਂ ਅਰਦਾਸ ਵਿੱਚ ਕਈ ਗੁਰੂ ਅਸਥਾਨਾਂ ਦੇ ਦਰਸ਼ਨ ਦੀਦਾਰ ਦੀ ਮੰਗ ਮੰਗਦੇ ਹਾਂ।

ਜੇ ਨਿਰੇ ਤੀਰਥ ਇਸ਼ਨਾਨ ਨਾਲ ਹੀ ਪਾਪ ਦੂਰ ਹੋ ਜਾਂਦੇ ਹੋਣ ਤਾਂ ਫਿਰ ਨਾਮ ਜਪਣ ਦੀ ਲੋੜ ਨਹੀਂ। ਗੁਰਬਾਣੀ ਪੜ੍ਹਨ ਸੁਣਨ ਦੀ ਕੀ ਲੋੜ ?

ਫਿਰ ਤਾਂ ਪਾਪ ਕਰੀ ਚਲੋਂ, ਇਸ਼ਨਾਨ ਕਰਕੇ ਪਾਪ ਲਾਹੀ ਚਲੋਂ। ਅੰਤ ਵਿੱਚ ਇਹ ਪਰਥਾਏ ਇਕ ਗੁਰਵਾਕ ਲਿਖ ਕੇ ਇਹ ਗੱਲ ਖਤਮ ਕਰਦੇ ਹਾਂ।

*ਨਾਵਣ ਚਲੇ ਤੀਰਥੀ, (ਤੀਰਥੀਂ =ਤੀਰਥਾਂ ਉਤੇ)*

*ਮਨਿ ਖੋਟੇ ਤਨਿ ਚੋਰ।*

*ਇਕ ਭਾਉ ਲਥੀ ਨਾਤਿਆ*

*ਦੁਇ ਭਾ ਚੜੀਅਸੁ ਹੋਰ।*

*ਬਾਹਿਰ ਧੋਤੀ ਤੂਮੜੀ, ਅੰਦਰਿ ਵਿਸੁ ਨਿਕੋਰ॥*

*ਸਾਧ ਭਲੇ ਅਣਨਾਤਿਆ, ਚੋਰ ਸੀ ਚੋਰਾ ਚੋਰ॥*

ਜੇ ਖੋਟੇ ਮਨ ਨਾਲ ਤੀਰਥਾਂ ਤੇ ਨਾਉਣ ਤੁਰ ਪਏ ਅਤੇ ਸਰੀਰ ਵਿੱਚ ਕਾਮਾਦਿਕ ਚੋਰ ਭੀ ਟਿਕੇ ਰਹੇ, ਤਾਂ ਨ੍ਹਾਉਣ ਨਾਲ ਇਕ ਹਿੱਸਾ (ਸਰੀਰ ਦੀ ਬਾਹਿਰਲੀ) ਮੈਲ ਤਾਂ ਲਹਿ ਗਈ ਪਰ (ਮਨ ਵਿੱਚ ਹੰਕਾਰ ਆਦਿਕ ਦੀ) ਦੂਣੀ ਮੈਲ ਹੋਰ ਚੜ੍ਹ ਗਈ, (ਤੂੰਮੀ ਵਾਲਾ ਹਾਲ ਹੀ ਹੋਇਆ) ਤੂੰਮੀ ਬਾਹਰੋਂ ਤਾਂ ਧੋਤੀ ਗਈ ਪਰ ਉਸਦੇ ਅੰਦਰ ਨਿਰੋਲ ਵਿਸ (ਕੁੜੱਤਣ) ਟਿੱਕੀ ਰਹੀ।

ਭਲੇ ਮਨੁਖ ਤੀਰਥਾਂ ਤੇ ਨ੍ਹਾਉਣ ਤੋਂ ਬਗੈਰ ਹੀ ਭਲੇ ਹਨ ਅਤੇ ਚੋਰ (ਤੀਰਥਾਂ ਤੇ ਜਾ ਕੇ ਵੀ) ਚੋਰ ਹੀ ਹਨ।

ਜੇ ਗੁਰਬਾਣੀ ਦੀ ਕਿਸੇ [redacted] ਪੰਗਤੀ ਦਾ ਕੋਈ ਅਰਥ ਭਾਵ ਸਾਡੇ ਅਮਲ ਵਿੱਚ ਨਹੀਂ ਆ ਰਿਹਾ ਅਤੇ ਨਾ ਹੀ ਸਾਡੇ ਵਿਵਹਾਰਕ ਜੀਵਨ

ਵਿੱਚ ਵੀ ਕੋਈ ਗੁਰਬਾਣੀ ਦਾ ਪ੍ਰਭਾਵ ਪੈਂਦਾ ਦਿਸਦਾ ਤਾਂ ਕੇਵਲ ਅਖਾਂ ਫੇਰ ਕੇ ਪਾਠ ਕਰਨ ਜਾਂ ਗੁਣ ਗੁਣ ਕਰ ਕੇ ਅੰਖਡ ਪਾਠਾਂ ਦੇ ਪ੍ਰਵਾਹ ਚਲਾਈ ਜਾਣ ਦਾ ਕੀ ਲਾਭ। ਜਿਸ ਨਾਲ ਨ ਆਪਣੇ ਪਲੇ ਕੁਝ ਪਵੇ, ਨ ਸੁਣਨ ਵਾਲੇ ਦੇ ਅਤੇ ਇਸ ਤਰ੍ਹਾਂ ਅਸੀਂ ਕੀ ਹੱਕ ਰਖਦੇ ਹਾਂ ਕਿ ਆਖੀਏ ਗੁਰਬਾਣੀ ਸਾਡਾ ਗੁਰੂ ਹੈ ?

ਗਲ ਵਿਵਹਾਰਕ ਜੀਵਨ ਦੀ ਆ ਗਈ ਹੈ। ਗੁਰਬਾਣੀ ਕਹਿੰਦੀ ਹੈ।

*ਹਕੁ ਪਰਾਇਆ ਨਾਨਕਾ*
*ਉਸ ਸੂਅਰੁ ਉਸ ਗਾਇ ॥*

ਭਾਵ : ਦੂਜੇ ਦਾ ਹੱਕ ਮੁਸਲਮਾਨ ਲਈ ਸੂਰ ਖਾਣ ਅਤੇ ਹਿੰਦੂ ਲਈ ਗਊ ਖਾਣ ਦੇ ਬਰਾਬਰ ਕਿਹਾ ਗਿਆ ਹੈ।

ਨੌਕਰੀ ਵਿੱਚ, ਦੁਕਾਨਦਾਰੀ ਵਿੱਚ ਜਾਂ ਕਿਸੇ ਵੀ ਵਣਜ ਵਪਾਰ ਜਾਂ ਰੁਜ਼ਗਾਰ ਵਿੱਚ ਰਿਸ਼ਵਤ ਲੈ ਕੇ, ਝੂਠ ਬੋਲ ਕੇ ਜਾਂ ਕਿਸੇ ਤਰੀਕੇ ਨਾਲ ਵੱਲ ਛੱਲ ਕਰਕੇ ਦੂਜੇ ਦੇ ਹੱਕ ਨੂੰ ਪ੍ਰਾਪਤ ਕਰਨਾ, ਪਰਾਇਆ ਹੱਕ ਕਿਹਾ ਗਿਆ ਹੈ ਅਤੇ ਖੋਟਾ ਵਣਜ ਕਿਹਾ ਗਿਆ ਹੈ। ਬਾਣੀ ਕਹਿੰਦੀ ਹੈ :-

*ਖੋਟੇ ਵਣਜ ਵਣਜਿਐ*
*ਮਨ ਤਨ ਖੋਟਾ ਹੋਇ ॥*

ਖੋਟੇ ਵਣਜ ਕਰਨ ਨਾਲ ਖੋਟੀ ਕਮਾਈ ਨਾਲ ਮਨ ਅਤੇ ਤਨ ਦੋਵੇਂ ਖੋਟੇ (ਮੈਲੇ) ਹੋ ਜਾਂਦੇ ਹਨ ਅਤੇ ਜਿਸ ਦਾ ਗੱਲਤ ਕਮਾਈ (ਖੋਟੀ ਕਮਾਈ) ਕਰ ਕਰਕੇ ਮਨ ਮੈਲਾ ਹੋ ਗਿਆ ਹੈ ਜਾਂ ਹੋ ਰਿਹਾ ਹੈ ਉਸ ਬਾਰੇ ਬਾਣੀ ਕਹਿੰਦੀ ਹੈ।

*ਮਨਿ ਮੈਲੈ ਸਭ ਕਿਛੁ ਮੈਲਾ*

*ਤਨਿ ਧੋਤੈ, ਮਨੁ ਹਛਾ ਨਾ ਹੋਇ ॥*

ਸੋ ਇਨ੍ਹਾਂ ਉਪ੍ਰੋਕਤ ਗੁਰ ਫੁਰਮਾਨਾਂ ਨੂੰ ਸਾਹਮਣੇ ਰੱਖਦੇ ਹੋਏ ਅੱਜ ਗੁਰਪੁਰਬ ਵਾਲੇ ਦਿਨ ਆਓ ਅਸੀਂ ਆਪੋ ਆਪਣੀ ਥਾਂ ਨਿਰਪਖ ਹੋ ਕੇ ਵਿਚਾਰੀਏ ਕਿ ਕੀ ਸਾਡੀ ਕਮਾਈ ਸਚੀ ਤੇ ਸੁਚੀ ਹੈ ?

ਜੇ ਕਿਰਤ ਸਚੀ ਤੇ ਸੁਚੀ ਹੈ, ਤਾਂ ਮੁਬਾਰਕ। ਜੇ ਨਹੀਂ ਜਾਂ ਇਸ ਬਾਰੇ ਕਦੇ ਸੋਚਿਆ ਹੀ ਨਹੀਂ ਤਾਂ ਦਸੋ ਫਿਰ ਅਸੀਂ ਕਿਸ ਤਰ੍ਹਾਂ ਅਤੇ ਕਿਸ ਮੂੰਹ ਨਾਲ ਕਹਿ ਸਕਦੇ ਹਾਂ ਕਿ ਬਾਣੀ ਸਾਡਾ ਗੁਰੂ ਹੈ ? ਕਿਉਂਕਿ ਗੁਰਬਾਣੀ ਤਾਂ ਕਹਿੰਦੀ :-

*ਸਚੁ ਵਾਪਾਰੁ ਕਰਹੁ ਵਪਾਰੀ ।*

*ਦਰਗਹ ਨਿਬਹੈ ਖੇਪ ਤੁਮਾਰੀ ॥ (੨੦੩)*

*ਗੁਰਬਾਣੀ ਕਹਿੰਦੀ ਹੈ:-*

*ਜਿਤ ਪੀਤੈ ਖਸਮ ਵਿਸਰੈ ॥*

*ਦਰਗਹ ਮਿਲੈ ਸਜਾਇ॥*

*ਝੂਠਾ ਮਦ ਮੂਲਿ ਨ ਪੀਚਈ ।*

*ਜੇ ਕਾ ਪਾਰ ਵਸਾਇ ॥ (੫੩੪)*

(ਸ਼ਰਾਬ) ਜਿਸ ਦ ਪੀਣ ਨਾਲ ਮਾਲਕ (ਪ੍ਰਭੂ) ਵਿਸਰ ਜਾਂਦਾ ਹੈ ਅਤੇ ਦਰਗਾਹ ਵਿੱਚ ਦੰਡ ਮਿਲਦਾ ਹੈ। (ਗੁਰੂ) ਸਾਹਿਬ ਕਹਿੰਦੇ ਹਨ, ਐਸੀ ਚੰਦਰੀ ਸ਼ਰਾਬ) ਜਿਥੋਂ ਤਕ ਹੋ ਸਕੇ ਕਦੀ ਵੀ ਨਹੀਂ ਪੀਣੀ ਚਾਹੀਦੀ।

*(ਅ) ਜਿਤ ਪੀਤੇ ਮਤਿ ਦੂਰਿ ਹੋਇ ।*

*ਬਰਲ ਪਵੈ ਵਿਚਿ ਆਇ ॥*

*ਆਪਣਾ ਪਰਾਇਆ ਨ ਪਛਾਣਈ ॥*

*ਖਸਮਹੁ ਧਕੇ ਖਾਇ ॥*

(ਇਹ ਸ਼ਰਾਬ ਐਸੀ ਹੈ) ਜਿਸ ਦੇ ਪੀਣ ਨਾਲ ਅਕਲ ਚਲੀ ਜਾਂਦੀ ਹੈ। (ਭਾਵ ਮਤ ਮਾਰੀ ਜਾਂਦੀ ਹੈ) ਅਤੇ (ਅਕਲ ਦੀ ਥਾਂ) ਪਾਗਲਪਾਨ ਪੈਦਾ ਹੋ ਜਾਂਦਾ ਹੈ ਜਿਸ ਨਾਲ ਮਨੁਖ ਨੂੰ) ਆਪਣੇ ਤੇ ਪਰਾਏ ਦੀ ਪਛਾਣ ਹੀ ਨਹੀਂ ਰਹਿੰਦੀ ਅਤੇ ਪ੍ਰਭੂ ਦੀ ਦਰਗਾਹ ਤੋਂ ਧਕੇ ਖਾਣੇ ਪੈਂਦੇ ਹਨ।

*ਇਤੁ ਮਦਿ ਪੀਤੈ ਨਾਨਕਾ*

*ਬਹੁਤੇ ਖਟੀਅਹਿ ਬਿਕਾਰ ॥*ਅਤੇ

*ਦੁਰਮਤਿ ਮਦ ਜੋ ਪੀਵਤੇ, ਬਿਖਲੀਪਤਿ ਕਮਲੀ ॥*

*ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ ॥*

ਭਾਵ :- ਖੋਟੀ ਮਤ ਦੇ ਅਧੀਨ ਹੋ ਕੇ ਸ਼ਰਾਬ ਪੀਂਦੇ ਹਨ, ਉਹ ਕਮਲੀ ਤੇ ਵਿਭਚਾਰਨ ਇਸਤਰੀ ਦੇ ਪਤੀ ਸਮਾਨ ਹਨ। ਅਸਲ ਅਮਲੀ ਉਹ ਹਨ ਜੋ (ਪ੍ਰਭੂ ਦੇ) ਨਾਮ ਰੂਪੀ ਸ਼ਰਾਬ ਨਾਲ ਮਸਤ ਹੁੰਦੇ ਹਨ।

ਜਿਸ ਸ਼ਰਾਬ ਦੇ ਪੀਣ ਬਾਰੇ ਬਾਣੀ ਸਾਨੂੰ ਬਾਰ ਬਾਰ ਮਨ੍ਹਾਂ ਕਰਦੀ ਹੈ ਉਸੇ ਸ਼ਰਾਬ ਨੂੰ ਪੀਣ ਵਾਲੇ ਅਤੇ ਰੋਜ਼ ਪੀਣ ਵਾਲੇ ਕੀ ਹੱਕ ਰਖਦੇ ਹਨ ਜੋ ਕਹਿਣ ਗੁਰਬਾਣੀ ਸਾਡਾ ਗੁਰੂ ਹੈ ?

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਕੇ ਸਿੱਖ ਅਖਵਾਉਣ ਵਾਲਿਆਂ ਲਈ :-

*ਗੁਰਸਿਖੀ ਦਾ ਕਰਮ ਏਹ।*

*ਗੁਰ ਫੁਰਮਾਏ, ਗੁਰਸਿਖ ਕਰਨਾ ॥* ਹੁੰਦਾ ਹੈ।

ਗੁਰਬਾਣੀ ਸਾਡਾ ਗੁਰੂ ਹੈ ਜਿਸ ਦਾ ਗੁਰਗੱਦੀ ਨਸ਼ੀਨੀ ਪੁਰਬ ਮਨਾਉਂਦਿਆਂ ਉਪਰ ਦਿਤੇ ਕੁਝ ਕੁ ਗੁਰ ਫੁਰਮਾਨਾਂ ਵਲ ਸਾਡਾ ਉਚੇਚੇ ਧਿਆਨ ਦੇਣਾ ਬਣਦਾ ਹੈ ? ਇਸ ਤਰ੍ਹਾਂ ਨਿਰਪੱਖ ਹੋਕੇ ਆਪੋ ਆਪਣੀ ਥਾਂ ਵੀਚਾਰ ਕਰਨੀ ਬਣਦੀ ਹੈ ਕਿ ਅੱਜ ਅਸੀਂ ਕਿਥੇ ਖੜੇ ਹਾਂ ?

(7) ਗੁਰਬਾਣੀ ਕਹਿੰਦੀ ਹੈ :-

*ਆਪੁ ਸਵਾਰਹਿ ਮੈਂ ਮਿਲਹਿ ।*
*ਮੈਂ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ।*
*ਸਭ ਜਗੁ ਤੇਰਾ ਹੋਇ ॥ (੧੩੮੨)*

ਹੇ ਫਰੀਦ ! ਤੂੰ ਆਪਣੇ ਆਪਨੂੰ ਸਵਾਰ ਲਏ ਤਾਂ ਤੂੰ ਮੈਨੂੰ (ਪ੍ਰਭੂ ਨੂੰ) ਮਿਲ ਪਏਂਗਾ ਤੇ ਮੇਰੇ ਵਿੱਚ ਜੁੜਿਆਂ ਹੀ ਤੈਨੂੰ ਸੁਖ ਹੋਵੇਗਾ (ਦੁਨੀਆਂ ਦੇ ਪਦਾਰਥਾਂ ਵਿੱਚ ਨਹੀਂ ) ਜੇ ਤੂੰ ਮੇਰਾ ਬਣ ਜਾਏਂ, ਭਾਵ ਦੁਨੀਆਂ ਦਾ ਪਿਆਰ ਛਡ ਕੇ ਮੇਰੇ ਨਾਲ ਪਿਆਰ ਕਰਨ ਲਗ ਪਏਂ ਤਾਂ ਸਾਰਾ ਜਗਤ ਤੇਰਾ ਬਣ ਜਾਏਗਾ । ਭਾਵ ਮਾਇਆ ਆਦਿ ਤੇਰੇ ਪਿਛੇ ਪਿਛੇ ਦੌੜੇਗੀ)

ਸੋ ਆਓ ! ਇਸ ਮਹਾਂਵਕ ਅਨੁਸਾਰ ਅਸੀਂ ਆਪਣੇ ਆਪ ਨੂੰ ਗੁਰ ਆਸ਼ੇ ਅਨੁਸਾਰ ਸੰਵਾਰਨ ਦਾ ਯਤਨ ਕਰੀਏ, ਆਪੋ ਆਪਣੇ ਪਰੀਵਾਰਾਂ ਨੂੰ ਵੀ ਸੰਵਾਰਨ ਦਾ ਯਤਨ ਮਨ, ਨਾਲ ਤਨ ਨਾਲ ਅਤੇ ਧਨ ਨਾਲ ਕਰੀਏ

(8) ਸਹੀ ਅਰਥਾਂ ਵਿੱਚ ਗੁਰੂ ਦੇ ਸਿਖ ਬਣਨ ਲਈ ਬਾਣੀ ਵਿੱਚ ਲਿਖੀ ਹੋਈ ਸਿੱਖ ਦੀ ਤਾਰੀਫ (defination) ਨੂੰ ਕਦੀ ਵੀ

ਨ ਭੁਲੀਏ ਕਿ ਗੁਰੂ ਸਾਹਿਬ 'ਸਿਖ' ਕਿਸ ਨੂੰ ਕਹਿੰਦੇ ਹਨ -

*ਗੁਰ ਸਤਿਗੁਰ ਕਾ ਜੋ ਸਿਖ ਅਖਾਏ ।*
*ਸੁ ਭਲਕੇ ਉਠਿ ਹਰਿ ਨਾਮ ਧਿਆਵੈ ॥*
*ਉਦਮ ਕਰੇ ਭਲਕੇ ਪਰਭਾਤੀ ।*
*ਇਸ਼ਨਾਨ ਕਰੇ ਅੰਮ੍ਰਿਤਸਰ ਨਾਵੈ ।*
*ਉਪਦੇਸ਼ ਗੁਰੂ ਹਰਿ ਹਰਿ ਜਪ ਜਾਪੈ ॥*
*ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੇ ਦਿਵਸ ਗੁਰਬਾਣੀ ਗਾਵੈ ॥*
*ਬਹਿਦਿਆਂ ਉਠਦਿਆਂ ਹਰਿਨਾਮ ਧਿਆਵੈ ॥*
*ਜੋ ਸਾਸਿ ਗਿਰਾਸ ਧਿਆਏ ਮੇਰਾ ਹਰਿ ਹਰਿ*
*ਸੋ ਗੁਰ ਸਿਖ ਗੁਰੂ ਮਨ ਭਾਵੈ ॥*
*ਜਨੁ ਨਾਨਕੁ ਧੁੜਿ ਮੰਗੈ ਤਿਸ ਗੁਰ ਸਿਖਕੀ ॥*
*ਜੋ ਆਪ ਜਪੈ ਅਵਰਹਿ ਨਾਮ ਜਪਾਵੈ ॥*

**ਅਰਥ–** ਜੋ ਮਨੁਖ ਸਤਿਗੁਰੂ ਦਾ ਸਿਖ ਅਖਵਾਉਂਦਾ ਹੈ। (ਭਾਵ ਜਿਸਨੂੰ ਲੋਕ ਸਿਖ ਆਖਦੇ ਹਨ) ਉਹ ਰੋਜ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਸਵੇਰੇ ਉਦਮ ਕਰਦਾ ਹੈ, ਇਸ਼ਨਾਨ ਕਰਦਾ ਹੈ (ਤੇ ਫਿਰ ਨਾਮ ਰੂਪ) ਅੰਮ੍ਰਿਤ ਦੇ ਸਰੋਵਰ ਵਿੱਚ ਟੁੱਭੀ ਲਾਉਂਦਾ ਹੈ। ਸਤਿਗੁਰੂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪੰ ਜਪਦਾ ਹੈ ਤੇ ( ਇਸ ਤਰ੍ਹਾਂ) ਉਸ ਦੇ ਸਾਰੇ ਪਾਪ ਵਿਕਾਰ ਲਹਿ ਜਾਂਦੇ ਹਨ ।

ਫਿਰ ਦਿਨ ਚੜ੍ਹੇ ਸਤਿਗੁਰ ਦੀ ਬਾਣੀ ਦਾ ਨਿਤ ਨੇਮ ਕੀਰਤਨ

ਕਰਦਾ ਹੈ ਤੇ (ਦਿਹਾੜੀ) ਬੈਠਦਿਆਂ ਉਠਦਿਆਂ (ਭਾਵ ਕਾਰ-ਕਿਰਤ ਕਰਦਿਆਂ) ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰ ਦੇ ਮਨ ਉਹੋ ਸਿਖ ਚੰਗਾ ਲਗਦਾ ਹੈ ਜੋ ਪਿਆਰੇ ਪ੍ਰਭੂ ਨੂੰ ਹਰ ਦਮ ਯਾਦ ਕਰਦਾ ਹੈ।

ਜਿਸ ਉੱਤੇ ਪਿਆਰਾ ਪ੍ਰਭੂ ਦਿਆਲ ਹੁੰਦਾ ਹੈ। ਉਸ ਗੁਰ ਸਿਖ ਨੂੰ ਸਤਿਗੁਰੂ ਸਿਖਿਆ ਦੇਂਦੇ ਹਨ। ਦਾਸ ਨਾਨਕ (ਭੀ)ਉਸ ਗੁਰਸਿਖ ਦੀ ਚਰਨ ਧੂੜ ਮੰਗਦਾ ਹੈ। ਜੋ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਜਪਾਉਂਦਾ ਹੈ।

ਇਸ ਤਰ੍ਹਾਂ ਗੁਰਬਾਣੀ ਨੂੰ ਗੁਰੂ ਮੰਨਣ ਵਾਲੇ ਸਾਡੇ ਸਿਖਾਂ ਦਾ ਅਤਿ ਜ਼ਰੂਰੀ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਗੁਰੂ ਪਾਤਸ਼ਾਹ ਦੇ ਕਹੇ ਬਚਨਾਂ (ਗੁਰਬਾਣੀ) ਅਨੁਸਾਰ ਜੀਵਨ ਜੀਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰੀਏ। ਕਿਉਂਕਿ ਇਸ ਤਰ੍ਹਾਂ ਕਰਨ ਨਾਲ ਹੀ ਸਾਡਾ ਜੀਵਨ ਜਿਥੇ ਸਫਲ ਹੋਏਗਾ। ਉਥੇ ਗੁਰਪੁਰਬ ਮਨਾਇਆ ਵੀ ਸਫਲ ਹੋਏਗਾ।

